# Homework 3/16/19

Read below essay and write in your own words the way we practice in class.



## 6. ਮੈਂ ਆਪ

ਮੈਂ ਵਿਨੋਦ ਕੁਮਾਰ ਹਾਂ। ਮੇਰੀ ਉਮਰ ਗਿਆਰਾਂ ਸਾਲ ਹੈ। ਮੈਂ ਪੰਜਵੀਂ ਸ਼੍ਰੇਣੀ ਵਿਚ ਪੜ੍ਹਦਾ ਹਾਂ। ਮੈਂ ਫਗਵਾੜੇ ਰਹਿੰਦਾ ਹਾਂ। ਮੈਂ ਰਾਮਗੜ੍ਹੀਆ ਪਬਲਿਕ ਸਕੂਲ ਵਿਚ ਪੜ੍ਹਦਾ ਹਾਂ। ਮੈਂ ਆਪਣੇ ਸਾਥੀਆਂ ਸਮੇਤ ਸ਼ਾਮ ਵੇਲੇ ਸਕੂਲ ਦੀ ਗਰਾਊਂਡ ਵਿਚ ਖੇਡਦਾ ਹਾਂ।

ਮੇਰੇ ਪਿਤਾ ਜੀ ਇਕ ਵੱਡੇ ਦੁਕਾਨਦਾਰ ਹਨ। ਉਹ ਕੱਪੜੇ ਦੀ ਦੁਕਾਨ ਕਰਦੇ ਹਨ। ਉਹ ਮੈਨੂੰ ਬਹੁਤ ਪਿਆਰ ਕਰਦੇ ਹਨ।

ਮੈਂ ਹਰ ਰੋਜ਼ ਸਵੇਰੇ ਪੰਜ ਵਜੇ ਉੱਠ ਜਾਂਦਾ ਹਾਂ। ਨੇੜੇ ਦੇ ਇਕ ਬਾਗ਼ ਵਿਚ ਅੱਧਾ ਘੰਟਾ ਸੈਰ ਕਰਦਾ ਹਾਂ। ਉੱਥੋਂ ਵਾਪਸ ਆ ਕੇ ਇਸ਼ਨਾਨ ਕਰਦਾ ਹਾਂ। ਫਿਰ ਮੈਂ ਪਾਠ ਕਰਦਾ ਹਾਂ ਅਤੇ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹਾਂ। ਇਸ ਤੋਂ ਬਾਅਦ ਹੀ ਮੈਂ ਸਵੇਰ ਦਾ ਨਾਸ਼ਤਾ ਕਰਦਾ ਹਾਂ।

ਮੈਂ ਗਰਮੀਆਂ ਦੇ ਦਿਨਾਂ ਵਿਚ ਸੱਤ ਵਜੇ ਸਕੂਲ ਜਾਂਦਾ ਹਾਂ। ਸਰਦੀਆਂ ਦੇ ਦਿਨਾਂ ਵਿਚ 9 ਵਜੇ ਸਕੂਲ ਜਾਂਦਾ ਹਾਂ। ਸਕੂਲ ਸਮੇਂ ਸਿਰ ਪੁਜਦਾ ਹਾਂ, ਕਦੀ ਲੇਟ ਨਹੀਂ ਹੁੰਦਾ। ਮੇਰੇ ਅਧਿਆਪਕ ਮੇਰੇ 'ਤੇ ਪ੍ਰਸੰਨ ਹਨ। ਮੈਂ ਮਾਪਿਆਂ ਦਾ ਸਤਿਕਾਰ ਕਰਦਾ ਹਾਂ ਅਤੇ ਉਹਨਾਂ ਦਾ ਕਹਿਣਾ ਮੰਨਦਾ ਹਾਂ। ਮੈਂ ਘਰ ਦੇ ਕੰਮ ਵਿਚ ਮਾਤਾ ਜੀ ਨਾਲ ਹੱਥ ਵਟਾਉਂਦਾ ਹਾਂ।

ਮੈਨੂੰ ਗਾਉਣ ਦਾ ਸ਼ੌਕ ਹੈ। ਘਰ ਵਿਚ ਇਕ ਉਸਤਾਦ ਮੈਨੂੰ ਗਾਣਾ ਸਿਖਾਉਂਦਾ ਹੈ। ਸਕੂਲ ਦੇ ਸਮਾਗਮ ਵਿਚ ਮੈਂ ਬੜੇ ਉਤਸ਼ਾਹ ਨਾਲ ਹਿੱਸਾ ਲੈਂਦਾ ਹਾਂ।

ਰਾਤ ਦੇ ਦਸ ਵਜੇ ਮੈਂ ਪਰਮਾਤਮਾ ਨੂੰ ਯਾਦ ਕਰਕੇ ਸੌਂ ਜਾਂਦਾ ਹਾਂ।

# Complete below chart using this story

ਇੱਕ ਦਿਨ ਕਿਸਾਨ ਨੇ ਸੋਚਿਆ, ਇਹ ਸੇਬ ਦਾ ਦਰਖ਼ਤ ਹੁਣ ਕਿਸੇ ਕੰਮ ਦਾ ਨਹੀਂ, ਕਿਉਂ ਨਾ ਇਸ ਨੂੰ ਕੱਟ ਲਿਆ ਜਾਵੇ ਅਤੇ ਇਸਦੀ ਲੱਕੜ ਦਾ ਕੁਝ ਬਣਾ ਲਿਆ ਜਾਵੇ। ਉਸਨੇ ਇੱਕ ਵੱਡੀ ਸਾਰੀ ਕੁਲਹਾੜੀ ਲਈ ਅਤੇ ਦਰਖ਼ਤ ਨੂੰ ਕੱਟਣ ਲੱਗਾ। ਜਦੋਂ ਉਸਨੇ ਪਹਿਲਾ ਵਾਰ ਕੀਤਾ, ਸਾਰੇ ਪੰਛੀ, ਗਲਹਿਰੀਆਂ ਅਤੇ ਕੀੜੇ-ਮਕੌੜੇ ਉਸ ਕੋਲ ਇਕੱਠੇ ਹੋ ਕੇ ਆ ਗਏ ਅਤੇ ਉਸਨੂੰ ਕਹਿਣ ਲੱਗੇ, "ਅਸੀਂ ਸਾਰੇ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਇਸ ਦਰਖ਼ਤ ਨਾ ਕੱਟੋ, ਇਹ ਸਾਡਾ ਅਤੇ ਸਾਡੇ ਨਿੱਕੇ-ਨਿੱਕੇ ਬੱਚਿਆਂ ਦਾ ਘਰ ਹੈ।"

ਪਰ ਕਿਸਾਨ ਨੇ ਉਹਨਾਂ ਦੀ ਗੱਲ ਨਾ ਸੁਣੀ ਅਤੇ ਆਪਣਾ ਕੁਹਾੜਾ ਚਲਾਉਂਦਾ ਰਿਹਾ। ਸਾਰੇ ਜੀਵ-ਜੰਤੂ ਉਸਦੀਆਂ ਮਿੰਨਤਾਂ ਕਰਨ ਲੱਗੇ, "ਅਸੀਂ ਤੁਹਾਡੇ ਅੱਗੇ ਹੱਥ ਜੋੜਦੇ ਹਾਂ, ਸਾਡਾ ਘਰ ਨਾ ਉਜਾੜੋ। ਅਸੀਂ ਕਿੱਥੇ ਜਾਵਾਂਗੇ? ਅਸੀਂ ਤੁਹਾਨੂੰ ਹਰ ਰੋਜ਼ ਕਿੰਨਾ ਮਿੱਠਾ ਸੰਗੀਤ ਸੁਣਾਉਂਦੇ ਹਾਂ।" ਪਰ ਕਿਸਾਨ ਨੇ ਕਿਸੇ ਦੀ ਗੱਲ ਵੱਲ ਧਿਆਨ ਨਾ ਦਿੱਤਾ। ਉਹ ਲਗਾਤਾਰ ਕੁਹਾੜਾ ਚਲਾਈ ਜਾ ਰਿਹਾ ਸੀ।

ਅਚਾਨਕ ਉਸਦੀ ਨਿਗ੍ਹਾ ਕਿਸੇ ਚਮਕਦਾਰ ਚੀਜ਼ ਉੱਤੇ ਪਈ ਜੋ ਕਿ ਦਰਖ਼ਤ ਦੇ ਤਣੇ ਵਿੱਚ ਸੀ। ਉਸਨੇ ਨੇੜੇ ਹੋ ਕੇ ਵੇਖਿਆ ਤਾਂ ਮਧੂ-ਮੱਖੀਆਂ ਦਾ ਛੱਤਾ ਸੀ। ਉਸਨੇ ਉਂਗਲ ਲਾ ਕੇ ਥੋੜ੍ਹਾ ਜਿਹਾ ਸ਼ਹਿਦ ਮੂੰਹ ਵਿੱਚ ਪਾਇਆ ਤਾਂ ਉਸਨੂੰ ਬਹੁਤ ਸਵਾਦ ਲੱਗਾ।

ਕਿਸਾਨ ਦੇ ਦਿਮਾਗ ਵਿੱਚ ਆਇਆ ਕਿ ਇਹ ਦਰਖ਼ਤ ਬੇਲੋੜਾ ਨਹੀਂ ਹੈ। ਇਹ ਮਧੂ-ਮੱਖੀਆਂ ਦਾ ਕਿੰਨਾ ਅਰਾਮਦਾਇਕ ਅਤੇ ਸੁਰੱਖਿਅਤ ਘਰ ਹੈ। ਜੇ ਮੈਂ ਇਹ ਦਰਖ਼ਤ ਨਹੀਂ ਕੱਟਾਂਗਾ ਤਾਂ ਮਧੂ-ਮੱਖੀਆਂ ਇੱਥੇ ਹੀ ਰਹਿਣਗੀਆਂ ਅਤੇ ਇੰਨਾਂ ਸਵਾਦ ਸ਼ਹਿਦ ਇਕੱਠਾ ਹੁੰਦਾ ਰਹੇਗਾ।

ਇਸ ਲਈ ਉਸਨੇ ਫੈਸਲਾ ਕੀਤਾ ਕਿ ਉਹ ਦਰਖ਼ਤ ਨੂੰ ਨਹੀਂ ਕੱਟੇਗਾ। ਸਾਰੇ ਜੀਵ-ਜੰਤੂ ਕਿਸਾਨ ਦਾ ਫੈਸਲਾ ਸੁਣ ਕੇ ਖੁਸ਼ੀ ਨਾਲ ਝੂਮ ਉੱਠੇ।

| ਨਾਂਵ | ਪੜਨਾਂਵ | ਕਿਰਿਆ | ਵਿਸ਼ੇਸ਼ਣ | ਸੰਬੰਧਕ |
|---|---|---|---|---|
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |
| | | | | |

Change below sentences into FUTURE SENTENCES

| |
|---|
| ਔਰਤਾਂ ਸਕੂਲ ਜਾਂ+ਦੀਆਂ ਹਨ। |
| ਮੁੰਡੇ ਸਕੂਲ ਜਾਂ+ਦੇ ਹਨ। |
| ਤੂੰ (rude) ਸਕੂਲ ਜਾਂ+ਦਾ ਹੈ। |
| ਤੂੰ (rude) ਸਕੂਲ ਜਾਂ+ਦੀ ਹੈ। |
| ਤੁਸੀਂ ਸਕੂਲ ਜਾਂ+ਦੇ ਹੋ। |
| ਤੁਸੀਂ ਸਕੂਲ ਜਾਂ+ਦੇ ਹੋ। |

| |
|---|
| ਮੁੰਡਾ ਸਕੂਲ ਜਾਂ+ਦਾ ਹੈ। |
| ਆਦਮੀ ਸਕੂਲ ਜਾਂ+ਦਾ ਹੈ। |
| ਆਦਮੀ ਸਕੂਲ ਜਾਂ+ਦੇ ਹਨ। |
| ਔਰਤ ਸਕੂਲ ਜਾਂ+ਦੀ ਹੈ। |

# Gurubani & Virsa homework

History Question 126-175

Read Gururaamdas JI 5 Times and write summary

Read ਸੱਜਣ ਠੱਗ 5 times and write summary

Recite Japji Sahib

# ਸੱਜਣ ਠੱਗ

ਗੁਰੂ ਜੀ ਅਤੇ ਭਾਈ ਮਰਦਾਨਾ, ਪਾਕਪਟਨ ਤੋਂ ਚਲ ਕੇ ਮੁਲਤਾਨ ਦੇ ਤੁਲੰਭਾ ਸ਼ਹਿਰ ਪੁੱਜੇ। ਰਸਤੇ ਵਿਚ ਉਨ੍ਹਾਂ ਇੱਕ ਬਹੁਤ ਵੱਡਾ ਅਤੇ ਸੋਹਣਾ ਘਰ ਦੇਖਿਆ। ਸ਼ੇਖ਼ ਨੇ ਇਹ ਡੇਰਾ ਉਸ ਰਸਤੇ ਲੰਘਣ ਵਾਲਿਆਂ ਦੇ ਆਰਾਮ ਲਈ ਬਣਵਾਇਆ ਹੋਇਆ ਸੀ। ਉਸ ਡੇਰੇ ਵਿਚ ਹਰ ਇੱਕ ਨੂੰ ਰਹਿਣ ਲਈ ਥਾਂ ਅਤੇ ਖਾਣ ਲਈ ਭੋਜਨ ਮਿਲਦਾ ਸੀ। ਰਾਹੀ ਭਾਵੇਂ ਹਿੰਦੂ ਹੋਵੇ ਜਾਂ ਮੁਸਲਮਾਨ, ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ। ਸ਼ੇਖ਼ ਨੇ ਉਸ ਡੇਰੇ ਵਿਚ ਇੱਕ ਪਾਸੇ ਹਿੰਦੂਆਂ ਦੇ ਪੂਜਾ ਕਰਨ ਲਈ ਮੰਦਰ ਅਤੇ ਦੂਜੇ ਪਾਸੇ ਮੁਸਲਮਾਨਾਂ ਲਈ ਮਸੀਤ ਬਣਵਾਈ ਹੋਈ ਸੀ। ਸ਼ੇਖ਼ ਦਿਨ ਵਿਚ ਸਾਧਾਂ ਵਾਲੇ ਕੱਪੜੇ ਪਾ ਕੇ ਮਾਲਾ ਫੇਰਦਾ ਰਹਿੰਦਾ ਸੀ ਅਤੇ ਆਏ ਗਏ ਮੁਸਾਫ਼ਰ ਦੀ ਦੇਖ-ਭਾਲ ਕਰਦਾ ਸੀ। ਇਸ ਸੇਵਾ ਨੂੰ ਦੇਖ ਕੇ ਉਸ ਨੂੰ ਹਰ ਮਿਲਣ ਵਾਲਾ, ਸੱਜਣ ਕਹਿ ਕੇ ਬੁਲਾਉਂਦਾ ਸੀ। ਉਸਦਾ ਅਸਲੀ ਨਾਮ ਲੋਕਾਂ ਨੂੰ ਭੁੱਲ ਗਿਆ ਸੀ। ਸੱਜਣ ਦੀ ਜ਼ਮੀਨ ਕਾਫ਼ੀ ਸੀ ਜਿਸ ਵਿਚ ਉਹ ਮਜ਼ਦੂਰਾਂ ਪਾਸੋਂ ਖੇਤੀ ਕਰਵਾਉਂਦਾ ਸੀ। ਉਸਨੇ ਆਪਣੀ ਆਮਦਨੀ ਦਾ ਇੱਕ ਹੋਰ ਧੰਦਾ ਅਪਣਾ ਰਖਿਆ ਸੀ ਜਿਸਦਾ ਉਸਦੇ ਹਿੱਸੇਦਾਰਾਂ ਤੋਂ ਬਿਨਾਂ ਹੋਰ ਕਿਸੇ ਨੂੰ ਗਿਆਨ ਨਹੀਂ ਸੀ। ਉਹ ਰਾਤ ਗੁਜ਼ਾਰਨ ਵਾਲੇ ਰਾਹੀਆਂ ਨੂੰ ਮਾਰ ਕੇ, ਉਨ੍ਹਾਂ ਦੀਆਂ ਲਾਸ਼ਾਂ ਖੂਹ ਵਿਚ ਸੁਟ ਦਿੰਦਾ ਸੀ ਅਤੇ ਉਨ੍ਹਾਂ ਦਾ ਮਾਲ ਹਜ਼ਮ ਕਰ ਜਾਂਦਾ ਸੀ।

ਗੁਰੂ ਜੀ ਨੂੰ ਦੇਖ ਕੇ ਉਸਨੇ ਅੰਦਾਜ਼ਾ ਲਗਾਇਆ ਕਿ ਗੁਰੂ ਜੀ ਵੱਡੇ ਧਨਾਢ ਸਨ। ਉਸਨੇ ਗੁਰੂ ਜੀ ਅਤੇ ਭਾਈ ਮਰਦਾਨੇ ਦੀ ਬਹੁਤ ਸੇਵਾ ਕੀਤੀ। ਗੁਰੂ ਜੀ ਤਾਂ ਮਨਾਂ ਦੀਆਂ ਜਾਣਨ ਵਾਲੇ ਸਨ। ਉਨ੍ਹਾਂ ਪਾਸੋਂ ਕਿਹੜੀ ਚੀਜ਼ ਗੁੱਝੀ ਰਹਿ ਸਕਦੀ ਸੀ। ਗੁਰੂ ਜੀ ਨੇ ਉਸਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਉਸਦੇ ਸਾਥੀਆਂ ਨਾਲ ਬੋਲ-ਚਾਲ ਤੋਂ ਪੜ੍ਹ ਲਈਆਂ। ਸ਼ਾਮ ਦਾ ਖਾਣਾ ਖਾਣ ਪਿੱਛੋਂ ਸੱਜਣ ਨੇ ਗੁਰੂ ਜੀ ਨੂੰ ਬੇਨਤੀ ਕੀਤੀ, "ਚਲੋ ਸੰਤ ਜੀ, ਅੰਦਰ ਚੱਲ ਕੇ ਆਰਾਮ ਨਾਲ ਸੌਂ ਜਾਵੋ, ਰਾਤ ਕਾਫ਼ੀ ਹੋ ਗਈ ਹੈ। ਗੁਰੂ ਜੀ ਨੇ ਕਿਹਾ, "ਭਾਈ ਸੱਜਣਾ, ਅਸੀਂ ਇੱਕ ਸ਼ਬਦ ਉਸ ਮਾਲਕ ਦੀ ਉਸਤਤ ਵਿਚ ਪੜ੍ਹ ਕੇ ਸੌਂਵਾਂਗੇ।" ਭਾਈ ਮਰਦਾਨੇ ਰਬਾਬ ਵਜਾਉਣੀ ਸ਼ੁਰੂ ਕੀਤੀ ਅਤੇ ਗੁਰੂ ਜੀ ਨੇ ਸ਼ਬਦ ਦਾ ਉਚਾਰਣ ਸ਼ੁਰੂ ਕੀਤਾ:

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥** *—ਰਾਗੁ ਸੂਹੀ, ਪੰਨਾ 729*

ਸੱਜਣ ਦੇ ਕੰਨੀ ਜਦੋਂ ਗੁਰੂ ਜੀ ਦੇ ਇਸ ਸ਼ਬਦ ਦੀ ਆਵਾਜ਼ ਪਈ ਤਾਂ ਉਸ ਨੂੰ ਲੱਗਿਆ ਕਿ ਜਿਵੇਂ ਗੁਰੂ ਜੀ ਨੂੰ ਉਸ ਦੀ ਸਾਰੀ ਕਾਲੀ ਕਰਤੂਤ ਦਾ ਪਤਾ ਲੱਗ ਗਿਆ ਹੋਵੇ। ਇਸੇ ਲਈ ਉਹ ਕਹਿ ਰਹੇ ਹਨ, "ਕਾਂਸੀ ਦਾ ਬਰਤਨ ਬਾਹਰੋਂ ਚਮਕਦਾ ਹੈ ਪਰ ਜਦੋਂ ਉਸ ਨੂੰ ਹੱਥ ਲਗਾਉਂਦੇ ਹਾਂ ਤਾਂ ਉਹ ਹੱਥ ਕਾਲਾ ਹੋ ਜਾਂਦਾ ਹੈ। ਉਸ ਕਾਂਸੀ ਨੂੰ ਧੋਣ ਪਿੱਛੋਂ ਵੀ ਉਸਦੀ ਕਾਲਖ ਨਹੀਂ ਜਾਂਦੀ। ਖ਼ਾਲੀ ਘਰਾਂ ਨੂੰ ਬਾਹਰੋਂ ਜਿੰਨਾ ਮਰਜ਼ੀ ਸਜਾ ਲਵੋ, ਜਦੋਂ ਉਹ ਘਰ ਢਹਿ-ਢੇਰੀ ਹੋਣਗੇ ਤਾਂ ਅੰਦਰੋਂ ਖ਼ਾਲੀ ਹੋਣਗੇ। ਇਸ ਤਰ੍ਹਾਂ ਦੇ ਘਰ ਅਤੇ ਗੁਣਾਂ ਤੋਂ ਖ਼ਾਲੀ ਸਰੀਰ, ਕਿਸੇ ਕੰਮ ਦੇ ਨਹੀਂ। ਤੀਰਥਾਂ ਉੱਪਰ ਚਿੱਟੇ ਕੱਪੜੇ ਪਾਉਣ ਵਾਲੇ ਸੰਤ, ਜਿਹੜੇ ਡੱਡਾਂ ਖਾਣ ਵਾਲਿਆਂ ਬਗਲਿਆਂ ਦੀ ਤਰ੍ਹਾਂ ਭੁੱਲੇ ਭਟਕਿਆਂ ਨੂੰ ਲੁੱਟਦੇ ਹਨ, ਉਨ੍ਹਾਂ ਨੂੰ ਭਗਤ ਨਹੀਂ ਕਿਹਾ ਜਾਂਦਾ। ਆਦਮੀ ਦੀ ਚਤੁਰਾਈ, ਸਿਆਣਪ ਅਤੇ ਸੇਵਾ ਕਿਸੇ ਕੰਮ ਦੀ ਨਹੀਂ ਜੇ ਉਹ ਬੁਰੇ ਕੰਮਾਂ ਤੋਂ ਤੌਬਾ ਨਹੀਂ ਕਰਦਾ। ਨੇਕ ਬਣਨ ਲਈ ਉਸ ਮਾਲਕ ਦੇ ਆਸਰੇ ਦੀ ਲੋੜ ਹੈ।" ਸ਼ਬਦ ਦਾ ਭੋਗ ਪੈਣ ਪਿੱਛੋਂ ਸੱਜਣ ਗੁਰੂ ਜੀ ਦੇ ਚਰਨਾਂ ਉੱਪਰ ਢਹਿ ਪਿਆ। ਗੁਰੂ ਜੀ ਦੇ ਕਹਿਣ ਉੱਪਰ ਉਸ ਨੇ ਸਾਰਾ ਧਨ ਗਰੀਬਾਂ ਨੂੰ ਵੰਡ ਦਿੱਤਾ, ਹੱਕ ਦੀ ਕਮਾਈ ਕਰਨ ਲੱਗਾ ਅਤੇ ਸੱਚਾ ਸੱਜਣ ਬਣ ਗਿਆ।

| |
|---|
| |

| |
|---|
| ਉਹ ਹਰ ਰੋਜ਼ ਕਸਰਤ ਕਰਦੇ ਹਨ। |
| ਤੁਸੀਂ ਸਖਤ ਮਿਹਨਤ ਕਰਦੇ ਹੋ। |
| ਤੁਸੀਂ ਕੋਕ ਪੀਂਦੇ ਹੋ। |
| ਮੈਂ ਭੂਤਾਂ ਤੋਂ ਡਰਦੀ ਹਾਂ। |

| |
|---|
| ਉਹ ਸਕੂਲ ਜਾਂ+ਦੀ ਹੈ। |
| ਅਸੀਂ ਸਕੂਲ ਜਾਂ+ਦੀਆਂ ਹਾਂ। |
| ਉਹ ਚਿੱਠੀ ਲਿਖਦਾ ਹੈ। |
| ਉਹ ਭਾਂਡੇ ਧੋਂਦੀ ਹੈ। |

| |
|---|
| ਮੈਂ ਪਾਣੀ ਪੀਂਦਾ ਹਾਂ। |
| ਮੁੰਡੇ ਫੁਟਬਾਲ ਖੇਡਦੇ ਹਨ। |
| ਕੁੜੀਆਂ ਸਕੂਲ ਤੁਰ ਕੇ ਜਾਂਦੀਆਂ ਹਨ। |
| ਅਸੀਂ ਪੰਜਾਬੀ ਗਾਣੇ ਗਾਉਂਦੀਆਂ ਹਾਂ। |
| ਅਸੀਂ ਭੰਗੜਾ ਪਾਉਂਦੇ ਹਾਂ। |